An Roinn Dlí agus Cirt,
Gnóthaí Baile agus Imirce
Department of Justice,
Home Affairs and Migration

# ਮਹੱਤਵਪੂਰਨ ਨੋਟਿਸ

# ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ (ਇੰਟਰਨੈਸ਼ਨਲ ਪ੍ਰੋਟੈਕਸ਼ਨ ਆਫ਼ਿਸ) ਦੋ ਸਥਾਨਾਂ 'ਤੇ ਅਰਜ਼ੀਆਂ ਦੀ ਪ੍ਰਕਿਰਿਆ ਕਰਦਾ ਹੈ

18 ਸਾਲ ਤੋਂ ਘੱਟ ਉਮਰ ਦੇ ਬੱਚੇ/ਬੱਚਿਆਂ ਵਾਲੇ ਪਰਿਵਾਰ, ਜਿੱਥੇ ਸਾਰੇ ਇੱਕੋ ਦਿਨ ਮੌਜੂਦ ਹੋਣ, ਇਸ ਪਤੇ 'ਤੇ ਜਾਣ:

**Citywest Convention Centre, Garter Lane, Saggart, Co. Dublin, D24KF8A.**

ਅਲਬਾਨੀਆ, ਅਲਜੀਰੀਆ, ਬੋਸਨੀਆ ਅਤੇ ਹਰਜ਼ੇਗੋਵਿਨਾ, ਬੋਤਸਵਾਨਾ, ਬ੍ਰਾਜ਼ੀਲ, ਮਿਸਰ, ਜਾਰਜੀਆ, ਭਾਰਤ, ਕੋਸੋਵੋ, ਮਲਾਵੀ, ਮੋਂਟੇਨੇਗਰੋ, ਮੋਰੋਕੋ, ਉੱਤਰੀ ਮੈਸੇਡੋਨੀਆ, ਸਰਬੀਆ ਅਤੇ ਦੱਖਣੀ ਅਫ਼ਰੀਕਾ ਦੇ ਨਾਗਰਿਕਾਂ ਨੂੰ ਵੀ ਉੱਪਰ ਦੱਸੇ ਗਏ ਪਤੇ 'ਤੇ ਸਿਟੀਵੈਸਟ ਕਨਵੈਨਸ਼ਨ ਸੈਂਟਰ (Citywest Convention Centre) ਜਾਣਾ ਚਾਹੀਦਾ ਹੈ।

ਬਾਕੀ ਸਾਰੇ ਬਿਨੈਕਾਰ, ਜਿਨ੍ਹਾਂ ਵਿੱਚ ਮੌਜੂਦਾ ਬਿਨੈਕਾਰ ਜੋ ਕਿਸੇ ਆਸ਼ਰਿਤ ਲਈ ਰਜਿਸਟਰ ਕਰ ਰਹੇ/ਰਹੀ ਹਨ ਜਾਂ ਅਰਜ਼ੀ ਦੇ ਰਹੇ/ਰਹੀ ਹਨ, ਸ਼ਾਮਲ ਹਨ, ਇਸ ਪਤੇ 'ਤੇ ਜਾਣ:

**Timberlay House, 78-83 Lower Mount Street, Dublin 2, D02 ND99.**

Classified - General

## ਮੈਂ ਅਰਜ਼ੀ ਕਿੱਥੇ ਅਤੇ ਕਦੋਂ ਰਜਿਸਟਰ ਕਰ ਸਕਦਾ/ਸਕਦੀ ਹਾਂ?

ਜਿਨ੍ਹਾਂ ਪਰਿਵਾਰਾਂ ਦੇ ਨਾਲ 18 ਸਾਲ ਤੋਂ ਘੱਟ ਉਮਰ ਦੇ ਬੱਚੇ/ਬੱਚਿਆਂ ਹਨ, ਉਹ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਦੁਪਹਿਰ 2:30 ਵਜੇ ਤੱਕ ਸਿਟੀਵੈਸਟ ਜਾਣ।

ਅਲਬਾਨੀਆ, ਅਲਜੀਰੀਆ, ਬੋਸਨੀਆ ਅਤੇ ਹਰਜ਼ੇਗੋਵਿਨਾ, ਬੋਤਸਵਾਨਾ, ਬ੍ਰਾਜ਼ੀਲ, ਮਿਸਰ, ਜਾਰਜੀਆ, ਭਾਰਤ, ਕੋਸੋਵੋ, ਮਲਾਵੀ, ਮੋਂਟੇਨੇਗਰੋ, ਮੋਰੋਕੋ, ਉੱਤਰੀ ਮੈਸੇਡੋਨੀਆ, ਸਰਬੀਆ ਅਤੇ ਦੱਖਣੀ ਅਫ਼ਰੀਕਾ ਦੇ ਨਾਗਰਿਕਾਂ ਨੂੰ ਵੀ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਦੁਪਹਿਰ 2:30 ਵਜੇ ਤੱਕ ਸਿਟੀਵੈਸਟ (Citywest) ਜਾਣਾ ਚਾਹੀਦਾ ਹੈ।

ਬਾਕੀ ਸਾਰੇ ਬਿਨੈਕਾਰ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਦੁਪਹਿਰ 2:30 ਵਜੇ ਤੱਕ Timberlay House, Lower Mount Street, Dublin 2 ਵਿਖੇ ਜਾਣ।

## ਮੈਨੂੰ ਆਪਣੇ ਨਾਲ ਕੀ ਲਿਆਉਣਾ ਚਾਹੀਦਾ ਹੈ?

ਅਧਿਕਾਰਤ ਦਸਤਾਵੇਜ਼ ਜਿਵੇਂ ਕਿ ਪਾਸਪੋਰਟ ਅਤੇ/ਜਾਂ ਜਨਮ ਸਰਟੀਫਿਕੇਟ।

ਆਪਣੇ ਅਤੇ ਆਪਣੇ ਪਰਿਵਾਰ ਲਈ ਸਪਲਾਈ ਜਿਵੇਂ ਕਿ ਸਨੈਕਸ ਜਾਂ ਦਵਾਈਆਂ।

## ਹਰੇਕ ਸਥਾਨ 'ਤੇ ਕੀ ਹੋਵੇਗਾ?

- ਫਿੰਗਰਪ੍ਰਿੰਟ ਲਏ ਜਾਣਗੇ
- ਤਸਵੀਰ ਲਈ ਜਾਵੇਗੀ
- ਇੰਟਰਪ੍ਰੇਟਰ ਸੇਵਾ ਪ੍ਰਦਾਨ ਕੀਤੀ ਜਾਵੇਗੀ
- ਅਰਜ਼ੀ ਫਾਰਮ ਪੂਰੇ ਕੀਤੇ ਜਾਣਗੇ
- ਜੇਕਰ ਅਰਜ਼ੀ ਸਫਲ ਹੁੰਦੀ ਹੈ ਤਾਂ ਅਸਥਾਈ ਨਿਵਾਸ ਕਾਰਡ ਪ੍ਰਦਾਨ ਕੀਤਾ ਜਾਵੇਗਾ
- ਜੇਕਰ ਲੋੜ ਹੋਵੇ/ਉਪਲਬਧ ਹੋਵੇ ਤਾਂ IPAS ਰਾਹੀਂ ਰਿਹਾਇਸ਼ ਪ੍ਰਦਾਨ ਕੀਤੀ ਜਾਵੇਗੀ

Classified - General